# ਰੂਪ-ਰੇਖਾ

| ਪ੍ਰੋਗਰਾਮ | ਦਾਖ਼ਲਾ ਖੁੱਲ੍ਹਣ ਦੀ ਮਿਤੀ | ਦਾਖ਼ਲਾ ਬੰਦ ਹੋਣ ਦੀ ਮਿਤੀ |
|---|---|---|
| ਰਜਿਸਟ੍ਰੇਸ਼ਨ ਅਤੇ ਦਾਖਲਾ ਫ਼ਾਰਮ ਭਰਨ ਦੀ ਮਿਤੀ | 1 ਜੂਨ 2017 | ਗੁਰੂ ਨਾਨਕ ਦੇਵ ਯੂਨੀਵਰਸਿਟੀ ਅਨੁਸਾਰ |
| ਰਜਿਸਟ੍ਰੇਸ਼ਨ ਅਤੇ ਦਾਖਲਾ ਫ਼ਾਰਮ ਭਰਨ ਦੀ ਮਿਤੀ ਅਤੇ ਹੋਰ ਹਦਾਇਤਾਂ www.punjabcollegeadmissions.org ਅਨੁਸਾਰ ਹੀ ਹੋਣਗੀਆਂ। ਇਹ ਵੈਬਸਾਈਟ ਪੰਜਾਬ ਸਰਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਚੱਲ ਰਹੀ ਹੈ। | | |

ਵਿਸ਼ਾ-ਸੂਚੀ ਦੀ ਸਾਰਣੀ


- ਸਰੂਪ ਰਾਣੀ ਸਰਕਾਰੀ ਕਾਲਜ (ਇ.) ਵਿਚ ਦਾਖ਼ਲਾ ਲੈਣ ਸਬੰਧੀ ਜਾਣਕਾਰੀ
- ਜ਼ਰੂਰੀ ਨਿਯਮ ਅਤੇ ਹਦਾਇਤਾਂ
- ਕਾਲਜ ਵਿਚ ਪੜਾਏ ਜਾਂਦੇ ਵਿਸ਼ਿਆਂ ਦਾ ਵੇਰਵਾ ਅਤੇ ਫ਼ੀਸ
- ਵੱਖ-ਵੱਖ ਕੋਰਸਾਂ ਵਿੱਚ ਦਾਖਲੇ ਲਈ ਲੋੜੀਂਦੀ ਯੋਗਤਾ
- ਬੀ.ਏ. ਦੇ ਵਿਦਿਆਰਥੀਆਂ ਲਈ ਵਿਸ਼ਾ-ਚੋਣ (ਸਬਜੈਕਟ ਕੰਬੀਨੇਸ਼ਨ)
- ਸਿਰਫ਼ ਬੀ.ਏ. ਦੇ ਵਿਦਿਆਰਥੀਆਂ ਲਈ ਵਿਸ਼ਾ-ਚੋਣ ਅਤੇ ਵੰਡ ਦਾ ਨਮੂਨਾ ਦਿੱਤਾ ਗਿਆ ਹੈ
- ਬੀ.ਏ. ਦੀਆਂ ਵਿਸ਼ੇਵਾਰ ਸੀਟਾਂ ਦੀ ਵੰਡ
- ਹਰੇਕ ਕੈਟਾਗਰੀ ਲਈ (ਕੁੱਲ ਸੀਟਾਂ ਵਿੱਚੋਂ) ਕੋਰਸ ਅਨੁਸਾਰ ਸੀਟਾਂ ਦੀ ਵੰਡ
- ਜ਼ਰੂਰੀ ਦਸਤਾਵੇਜ਼ (ਡਾਕੂਮੈਂਟਸ) ਸੂਚੀ
- ਸਰਟੀਫਿਕੇਟ ਜਾਰੀ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚੀ
- ਰਾਖਵੀਆਂ ਸ਼੍ਰੇਣੀਆਂ (ਐਸ.ਸੀ/ਬੀ.ਸੀ) ਦੇ ਵਜ਼ੀਫ਼ਾ ਲੈਣ ਵਾਲੇ ਵਿਦਿਆਰਥੀਆਂ ਲਈ ਵਿਸ਼ੇਸ਼ ਹਦਾਇਤਾਂ
- ਦਾਖ਼ਲਾ ਮਿਤੀਆਂ ਅਤੇ ਫ਼ੀਸ ਜਮ੍ਹਾਂ ਕਰਵਾਉਣ ਸਬੰਧੀ ਨਿਯਮ
- ਦਾਖ਼ਲਾ ਹੋਣ ਤੋਂ ਬਾਅਦ ਦੇ ਦਿਸ਼ਾ ਨਿਰਦੇਸ਼
- ਦਾਖ਼ਲੇ ਲਈ ਲੋੜੀਂਦੀ ਜਾਣਕਾਰੀ

## ਦਾਖ਼ਲਾ ਪ੍ਰਕਿਰਿਆ

ਪ੍ਰਾਸਪੈਕਟਸ ਦੇ ਕਿਸੇ ਵੀ ਸੈਕਸ਼ਨ ਵਿੱਚ ਸੋਧ ਸਬੰਧੀ ਹਰ ਜਾਣਕਾਰੀ ਕੇਵਲ ਵੈਬਸਾਈਟ ਉਪਰ ਹੀ ਅਪਡੇਟ ਕੀਤੀ ਜਾਵੇਗੀ।

ਕਾਲਜ ਵਲੋਂ ਦਾਖਲਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਵਲੋਂ ਪ੍ਰਾਪਤ ਹਦਾਇਤਾਂ ਅਤੇ ਸੈਂਟਰਲ ਆਨਲਈਨ ਦਾਖਲਾ ਪ੍ਰਕ੍ਰਿਆ ਰਾਂਹੀ ਹੀ ਕੀਤਾ ਜਾਵੇਗਾ।

ਆਨਲਾਈਨ ਫਾਰਮ ਭਰਨ ਲਈ ਵੈਬਸਾਇਟ:

**www.punjabcollegeadmissions.org** .

ਜਾਂ

ਕਾਲਜ ਕੈਂਪਸ ਵਿੱਚ ਆਓ

### ਸ. ਰ. ਸਰਕਾਰੀ ਕਾਲਜ ਦੀ ਦਾਖਲਾ ਪ੍ਰਕ੍ਰਿਆ

- ਕਾਲਜ ਕੈਂਪਸ ਵਿੱਚ ਆਕੇ ਜਾਂ ਆਪਣੇ ਘਰ/ਸਾਇਬਰ ਕੈਫੇ ਤੋਂ www.punjabcollegeadmissions.org ਉਪਰ ਰਜਿਸਟਰੇਸ਼ਨ ਕਰੋ
- ਦਾਖਲਾ ਫਾਰਮ ਵਿੱਚ ਜਿਹੜਾ ਕੋਰਸ ਤੁਸੀਂ ਲੈਣਾ ਚਾਹੁੰਦੇ ਹੋ ਅਤੇ ਕਾਲਜ ਦਾ ਨਾਮ ਸਿਲੈਕਟ ਕਰੋ।
- ਰਜਿਸਟ੍ਰੇਸ਼ਨ ਪਾਰਮ ਦਾ ਪਿੰਟ ਅਤੇ ਹੇਠ ਲਿਖੇ ਅਨੁਸਾਰ ਦਸਤਾਵੇਜ ਲੈਕੇ ਕਾਲਜ ਵਿੱਚ ਰਿਪੋਰਟ ਕਰੋ।
- ਕਾਲਜ ਵੈਬਸਾਈਟ http://srgcwamritsar.org/Admissions ਵਿੱਚ ਦਿੱਤੀ ਗਈ ਲਿਸਟ ਅਨੁਸਾਰ ਸਾਰੇ ਅਸਲ ਦਸਤਾਵੇਜ
- ਅਸਲ ਦਸਤਾਵੇਜਾਂ ਦੀ ਫੋਟੋਕਾਪੀ।
- ਕਾਲਜ ਪ੍ਰਾਸਪੈਕਟਸ ਫੀਸ
- ਕਾਲਜ ਵਿੱਚ ਦਸਤਾਵੇਜਾਂ ਦੀ ਵੈਰੀਫਿਕੇਸ਼ਨ ਕਰਵਾਕੇ ਕੋਰਸ ਦੀ ਫੀਸ ਭਰੋ।

1) ਕਾਲਜ ਨਿਯਮਾਂ ਸਬੰਧੀ ਜਾਣਕਾਰੀ ਪ੍ਰਾਪਤ ਕਰੋ।
2) ਕਾਲਜ ਸਬੰਧੀ ਸਾਰੀ ਜਾਣਕਾਰੀ ਵੈਬਸਾਈਟ **www.srgcwamritsar.org**'ਤੇ ਉਪਲਬਧ ਹੈ।
3) ਜ਼ਰੂਰੀ/ਲੋੜੀਂਦੀਆਂ ਹਦਾਇਤਾਂ ਨੂੰ ਡਾਊਨਲੋਡ ਕਰੋ ਜਾਂ ਲਿਖ ਕੇ ਆਪਣੇ ਕੋਲ ਰੱਖ ਲਵੋ।
4) ਦਸਤਾਵੇਜ਼ ਪੂਰੇ ਕਰੋ ਤੇ ਇਸ ਗੱਲ ਨੂੰ ਯਕੀਨੀ ਬਣਾਉ ਕਿ ਉਹ ਸਬੰਧਿਤ ਸਮਰੱਥ ਅਧਿਕਾਰੀ ਤੋਂ ਹੀ ਜ਼ਾਰੀ ਕੀਤੇ ਹੋਏ ਹਨ।
5) ਦਸਤਾਵੇਜ਼ਾਂ ਅਤੇ ਸਮਰੱਥ ਅਧਿਕਾਰੀਆਂ ਦੀ ਸੂਚੀ ਇਸ ਜਾਣਕਾਰੀ ਪ੍ਰਾਸਪੈਕਟਸ ਵਿੱਚ ਦਿੱਤੀ ਗਈ ਹੈ ।
6) ਦਾਖ਼ਲੇ ਤੋਂ ਪਹਿਲਾਂ ਅਤੇ ਦਾਖ਼ਲਾ ਹੋਣ ਪਿੱਛੋਂ (ਕੋਰਸ ਪੂਰਾ ਹੋਣ ਤੱਕ ) ਸੰਪਰਕ ਲਈ ਦੋ ਫੋਨ ਨੰਬਰ (ਕੰਟੈਕਟ ਨੰਬਰ) ਦੇਣੇ ਜ਼ਰੂਰੀ ਹਨ।
   1. **ਵਿਦਿਆਰਥੀ ਦਾ ਮੋਬਾਇਲ ਨੰਬਰ (3 ਸਾਲ ਤੱਕ ਬਦਲਿਆ ਨਾ ਜਾਵੇ)**
   2. **ਮਾਪਿਆ ਨਾਲ ਸੰਪਰਕ ਕਰਨ ਲਈ ਮੋਬਾਇਲ ਨੰਬਰ (3 ਸਾਲ ਤੱਕ ਬਦਲਿਆ ਨਾ ਜਾਵੇ)**
7) ਇਹ ਗੱਲ ਯਕੀਨੀ ਬਣਾਈ ਜਾਵੇ ਕਿ ਭਵਿਖ ਵਿਚ ਕਾਲਜ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਘਟ ਤੋਂ ਘਟ 3 ਸਾਲ ਵਰਤੋਂ ਵਿਚ ਰਹਿਣੇ ਜ਼ਰੂਰੀ ਹਨ ।
8) ਕਾਲਜ ਸਮੇਂ-ਸਮੇਂ ਤੁਹਾਡੇ ਦਿੱਤੇ ਗਏ ਨੰਬਰਾਂ ਰਾਹੀਂ OTP (One time Password) ਪੜਤਾਲ, ਜ਼ਰੂਰੀ ਸੂਚਨਾਵਾਂ (ਜੇਕਰ ਕੋਈ ਹੋਵੇ) ਦਿੰਦਾ ਰਹੇਗਾ ।
9) **ਦੋਵੇਂ ਫੋਨ ਵੱਖ-ਵੱਖ ਹੋਣੇ ਚਾਹੀਦੇ ਹਨ ।**
10) ਫੋਨ ਨੰਬਰ ਗਲਤ ਜਾਂ ਬੰਦ ਹੋਣ ਦੀ ਸੂਰਤ ਵਿਚ ਤੁਹਾਡੇ ਦਾਖ਼ਲੇ ਤੇ ਅਸਰ ਪੈ ਸਕਦਾ ਹੈ ।
11) **ਇਨ੍ਹਾਂ ਨੰਬਰਾਂ ਵਿੱਚ ਕਿਸੇ ਸਾਈਬਰ ਕੈਫ਼ੇ ਜਾਂ ਇੰਟਰਨੈਟ ਵਾਲੀ ਦੁਕਾਨ ਦਾ ਨੰਬਰ ਕਾਲਜ ਨੂੰ ਦੇਣਾ ਸਖਤ ਮਨ੍ਹਾਂ ਹੈ।**
12) ਕਿਸੇ ਵੀ ਤਰ੍ਹਾਂ ਦੀ ਗਲਤ ਸੂਚਨਾ ਦੇਣ ਕਾਰਣ ਦਾਖ਼ਲਾ ਰੱਦ ਹੋ ਸਕਦਾ ਹੈ ।
13) ਇਕ ਤੋਂ ਵੱਧ ਕੈਟੇਗਰੀ ਲਈ ਅਪਲਾਈ ਕਰਨ ਲਈ ਵੱਖ-ਵੱਖ ਫਾਰਮ ਭਰਨੇ ਜ਼ਰੂਰੀ ਹਨ।
14) ਇਕ ਫਾਰਮ ਉਪਰ ਕੇਵਲ ਇਕ ਹੀ ਕੋਰਸ ਲਈ ਅਪਲਾਈ ਕੀਤਾ ਜਾ ਸਕਦਾ ਹੈ।

**ਯੂ.ਜੀ.ਸੀ ਵੱਲੋਂ **ਨਕਲੀ ਯੂਨੀਵਰਸਿਟੀਆਂ** ਦੀ ਸੂਚੀ www.ugc.ac.in ਤੇ ਉਪਲਬਧ ਹੈ।*ਸਰੀਰਕ ਸਿਖਿਆ ਅਤੇ ਮੁਢੱਲੀ ਪੰਜਾਬੀ ਦਾ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਹੋਵੇਗਾ।*

# ਮਹੱਤਵਪੂਰਣ ਨਿਯਮ ਅਤੇ ਦਿਸ਼ਾ ਨਿਰਦੇਸ਼

1. ਵਿਦਿਆਰਥੀ ਤੇ ਮਾਪੇ ਪ੍ਰਾਸਪੈਕਟਸ ਨੂੰ ਧਿਆਨ ਨਾਲ ਪੜਨ ।
2. ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚੇ ਦੀ ਅਕਾਦਮਿਕ ਪ੍ਰਗਤੀ ਤੇ ਹੋਰ ਜਾਣਕਾਰੀ ਲਈ ਕਾਲਜ ਪ੍ਰਸ਼ਾਸਨ ਨਾਲ ਸੰਪਰਕ ਕਰਦੇ ਰਹਿਣ । ਇਸ ਸਬੰਧੀ ਅਣਗਹਿਲੀ ਦੀ ਸੂਰਤ ਵਿਚ ਕਾਲਜ ਪ੍ਰਾਸ਼ਸਨ ਜ਼ਿੰਮੇਵਾਰ ਨਹੀਂ ਹੋਵੇਗਾ ।
3. ਦਾਖਲੇ ਲਈ ਵਿਦਿਆਰਥੀ ਵੱਲੋਂ ਦਿੱਤੇ ਗਏ ਤੱਥਾਂ ਅਨੁਸਾਰ ਜੇਕਰ ਕੋਈ ਤੱਥ ਕਿਸੇ ਵੀ ਸਮੇਂ ਗਲਤ ਪਾਇਆ ਗਿਆ ਤਾਂ ਵਿਦਿਆਰਥੀ ਨੂੰ ਤੁਰੰਤ ਕਾਲਜ ਵਿੱਚ ਕੱਢ ਦਿੱਤਾ ਜਾਵੇਗਾ ਤੇ ਉਹ ਆਪਣੇ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਦਾ ਭਾਗੀਦਾਰ ਹੋਵੇਗਾ ।
4. ਕਾਲਜ ਨਾਲ ਸਬੰਧਿਤ ਬਣਦੀਆਂ ਫੀਸਾਂ ਜਾਂ ਹੋਰ ਭੁਗਤਾਨ, ਬਣਦੇ ਬਕਾਏ ਸਮੇਂ ਸਿਰ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਵਿਦਿਆਰਥੀ ਜਾਂ ਮਾਪਿਆਂ ਦੀ ਹੋਵੇਗੀ ।

## ਦਾਖਲੇ ਪਿਛੋਂ

5. ਵਿਦਿਆਰਥੀ ਲਈ ਵਿਸ਼ੇਵਾਰ ਕਲਾਸ ਟੈਸਟ / ਹਾਊਸ ਟੈਸਟ ਦੇਣੇ ਜ਼ਰੂਰੀ ਹੋਣਗੇ ।
6. ਹਰ ਵਿਦਿਆਰਥੀ ਲਈ 75% ਹਾਜ਼ਰੀਆਂ / ਲੈਕਚਰ ਅਟੈਂਡ ਕਰਨੇ ਜਰੂਰੀ ਹੋਣਗੇ ਨਹੀ ਤਾਂ ਉਨਾਂ ਨੂੰ ਕਾਲਜ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦੇਵੇਗਾ ।
7. ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪ, ਕਲਾਸਾਂ ਅਤੇ ਕਾਲਜ ਦੇ ਸਲਾਨਾ ਖੇਡ ਸਮਾਰੋਹ ਉਤੇ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।
8. ਕਾਲਜ ਸੰਪਤੀ ਅਤੇ ਕਾਲਜ ਕੈਂਪਸ ਦੀ ਸਾਂਭ ਹਰ ਵਿਦਿਆਰਥੀ ਦਾ ਬੁਨਿਆਦੀ ਫ਼ਰਜ਼ ਹੈ।
9. ਵਾਹਨਾਂ ਉਤੇ(ਸਾਇਕਲ/ਸਕੂਟਰ) ਆਉਣ ਵਾਲੇ ਵਿਦਿਆਰਥੀਆਂ ਲਈ ਦਾਖਲੇ ਸਮੇਂ ਵਾਹਨ ਦਾ ਟੋਕਨ ਲੈਣਾ ਜ਼ਰੂਰੀ ਹੈ ।
10. ਕਾਲਜ ਵਿਚ ਹਰ ਸੂਚਨਾਂ ਕੇਵਲ ਨੋਟਿਸ ਬੋਰਡ ਤੇ ਹੀ ਲਗਾਈ ਜਾਂਦੀ ਹੈ । ਇਸ ਲਈ ਵਿਦਿਆਰਥੀ ਜ਼ਰੂਰੀ ਸੂਚਨਾਂ ਲਈ ਦਿਨ-ਪ੍ਰਤੀ-ਦਿਨ (ਰੋਜ਼ਾਨਾ) ਨੋਟਿਸ ਬੋਰਡ ਜ਼ਰੂਰ ਪੜ੍ਹਨ ।

- **ਕਿਸੇ ਵੀ ਐਮਰਜੈਂਸੀ ਹੋਣ ਦੌਰਾਨ ਵਿਦਿਆਰਥੀ ਨੂੰ ਕਾਲਜ ਵਿਖੇ ਫ਼ਸਟ ਏਡ ਦਿੱਤੀ ਜਾਂਦੀ ਹੈ।**
- **ਕਾਲਜ ਵਿੱਚ ਮੋਬਾਇਲ ਲਿਆਉਣ ਦੀ ਸਖ਼ਤ ਮਨਾਹੀ ਹੈ । ਮੋਬਾਇਲ ਫੜੇ ਜਾਣ ਦੀ ਸੂਰਤ ਵਿਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।**
- **ਰੈਗਿੰਗ ਦੀ ਪੂਰੀ ਤਰ੍ਹਾਂ ਮਨਾਹੀ ਹੈ । ਸੁਪਰੀਮ ਕੋਰਟ ਦੇ ਫੈਸਲੇ ਦੀ ਰੋਸ਼ਨੀ ਵਿਚ ਰੈਗਿੰਗ ਦੀ ਦੋਸ਼ੀ ਵਿਦਿਆਰਥਣ ਨੂੰ ਕਾਲਜ ਵਿਚੋਂ ਕੱਢ ਦਿੱਤਾ ਜਾਵੇਗਾ ਤੇ ਉਸ ਨੂੰ ਭਾਰਤ ਦੇ ਕਿਸੇ ਵੀ ਕਾਲਜ ਵਿਚ ਦਾਖਲਾ ਨਹੀਂ ਮਿਲ ਸਕੇਗਾ ।**

# ਕਾਲਜ ਵਿੱਚ ਪੜ੍ਹਾਏ ਜਾਂਦੇ ਵਿਸ਼ਿਆਂ ਦਾ ਵੇਰਵਾ ਅਤੇ ਫ਼ੀਸ

ਮੋਟੇ ਅੱਖਰਾਂ ਵਿਚ ਦਿੱਤੇ ਗਏ ਕੋਰਸ/ਵਿਸ਼ੇ ਹਾਇਰ ਐਜੂਕੇਸ਼ਨ ਸੁਸਾਇਟੀ ਅਧੀਨ ਚੱਲ ਰਹੇ ਹਨ। **ਦਾਖ਼ਲੇ ਸਮੇਂ ਲਗਭਗ ਉਹੀ ਫ਼ੀਸ ਲਈ ਜਾਵੇਗੀ ਜੋ ਹੇਠਾਂ ਦਰਸਾਈ ਗਈ ਹੈ।**

ਹਰੇਕ ਕੋਰਸ ਦੇ ਕਿੱਤਾ-ਮੁੱਖੀ ਜਾਂ ਭਵਿਖ ਸਬੰਧੀ ਜਾਣਕਾਰੀ ਲਈ ਕਾਲਜ ਵੈਬਸਾਈਟ www.srgcwamritsar.org ਉਪਰ ਉਪਲਬਥ ਹੈ।

## ਅੰਡਰ ਗ੍ਰੈਜੂਏਟ ਕੋਰਸ (ਡਿਗਰੀ ਕੋਰਸ)

1. ਬੀ.ਏ.(ਬਿਨਾਂ ਪ੍ਰੈਕਟੀਕਲ ਵਿਸ਼ਿਆਂ ਦੇ) — 6,500/- ਰੁਪਏ
2. ਬੀ.ਏ (Vocational ਵਿਸ਼ੇ ਨਾਲ)
   1) ਪ੍ਰਕਾਰਜੀ ਅੰਗਰੇਜ਼ੀ — 7,400/-ਰੁਪਏ
   2) ਪ੍ਰਕਾਰਜੀ ਹਿੰਦੀ — 8,000/-ਰੁਪਏ
   3) ਹਿੰਦੀ ਪੱਤਰਕਾਰਿਤਾ — 8,000/-ਰੁਪਏ
3. ਬੀ.ਕਾਮ — 6,500/- ਰੁਪਏ
4. **ਬੀ.ਬੀ.ਏ.** — 16,900/- ਰੁਪਏ
5. ਬੀ.ਐਸਸੀ
   1. ਮੈਡੀਕਲ
      1. ਬੋਟਨੀ ਨਾਲ — 7,400/- ਰੁਪਏ
      2. ਕਲੀਨੀਕਲ ਅਤੇ ਨਿਊਟਿਰੇਸ਼ਨ ਅਤੇ ਡਾਈਟੈਟਿਕਸ — 8,300/- ਰੁਪਏ
   2. ਨਾਨ ਮੈਡੀਕਲ — 8,300/- ਰੁਪਏ
   3. **ਕੰਪਿਊਟਰ ਸਾਇੰਸ** — 14,100/- ਰੁਪਏ
   4. **ਹੋਮ ਸਾਇੰਸ** — 14,100/- ਰੁਪਏ
6. **ਬੀ.ਸੀ ਏ** — 14,100/- ਰੁਪਏ

## ਪੋਸਟ ਗ੍ਰੈਜੂਏਟ ਕੋਰਸ(ਡਿਗਰੀ ਕੋਰਸ)

- ਸੰਗੀਤ (ਆਵਾਜ਼) — 7,000/- ਰੁਪਏ
- ਸੰਗੀਤ (ਸਾਜ਼) — 7,000/- ਰੁਪਏ
- ਭੂਗੋਲ — 7,000/- ਰੁਪਏ
- ਅੰਗਰੇਜ਼ੀ — 6,400/- ਰੁਪਏ
- **ਡਾਂਸ** — 16,000/-ਰੁਪਏ

## ਡਿਪਲੋਮਾ ਕੋਰਸ

- **ਅੰਡਰ ਗ੍ਰੈਜੂਏਟ ਕੋਰਸ ਇਨ ਫੂਡ ਪ੍ਰੋਡਕਸ਼ਨ** — 10,500/- ਰੁਪਏ
- **ਅੰਡਰ ਗ੍ਰੈਜੂਏਟ ਕੋਰਸ ਇਨ ਫਰੰਟ ਆਫ਼ਿਸ ਓਪਰੇਸ਼ਨ** — 10,500/- ਰੁਪਏ
- **ਅੰਡਰ ਗ੍ਰੈਜੂਏਟ ਕੋਰਸ ਇਨ ਫੂਡ ਐਂਡ ਬੀਵਰਜ਼ਿਸ** — 10,500/- ਰੁਪਏ
- **ਪੋਸਟ ਗ੍ਰੈਜੂਏਟ ਕੋਰਸ ਇਨ ਗਾਰਮੈਂਟ ਕੰਸ਼ਟਰਕਸ਼ਨ ਐਂਡ ਫ਼ੈਸ਼ਨ ਡਿਜ਼ਾਇੰਗ** — 13,700/- ਰੁਪਏ
- **ਪੋਸਟ ਗ੍ਰੈਜੂਏਟ ਕੋਰਸ ਇਨ ਕੰਪਿਊਟਰ ਐਪਲੀਕੇਸ਼ਨ** — 13,700/- ਰੁਪਏ

**ਨੋਟ:** ਸਾਰੇ ਵਿਦਿਆਰਥੀ ਜਿਹਨਾਂ ਨੇ **ਪੰਜਾਬ ਸਕੂਲ ਸਿਖਿਆ ਬੋਰਡ** ਤੋਂ ਇਲਾਵਾ ਕਿਸੇ ਹੋਰ ਬੋਰਡ ਤੋਂ ਪਾਸ ਕੀਤੀ ਹੈ ਆਪਣੇ ਅਸਲੀ ਦਸਤਾਵੇਜ਼ ਸਬੰਧਿਤ ਕਲਰਕ ਨੂੰ ਦਾਖਲੇ ਤੋਂ ਬਾਅਦ ਤਿੰਨ ਦਿਨਾਂ ਵਿਚ ਜਮ੍ਹਾਂ ਕਰਵਾਉਣ। ਉਹ ਵਿਦਿਆਰਥੀ 1,300/- ਰੁਪਏ (ਯੂਨੀਵਰਸਿਟੀ ਮਾਈਗਰੇਸ਼ਨ/ਵੈਰੀਫਿਕੇਸ਼ਨ ਫ਼ੀਸ) ਅਤੇ 400/- ਰੁਪਏ (University Eligibility Fee) ਅਦਾ ਕਰਨਗੇ।

# ਕੋਰਸਾਂ ਲਈ ਯੋਗਤਾ

| ਕ੍ਰਮ ਨੰਬਰ | ਵਿਸ਼ੇ ਦਾ ਨਾਂ | | ਯੋਗਤਾ |
|---|---|---|---|
| 1 | ਬੀ.ਏ. | | +2 ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ |
| 2 | **ਬੀ. ਏ** ਪ੍ਰਫਾਰਜੀ ਵਿਸ਼ਿਆਂ ਨਾਲ | ਅੰਗਰੇਜ਼ੀ | +2 ਆਰਟਸ, ਸਾਇੰਸ ਅਤੇ ਕਾਮਰਸ ਲਾਜ਼ਮੀ ਅੰਗਰੇਜ਼ੀ ਨਾਲ 60% ਅੰਕਾਂ ਨਾਲ ਪਾਸ ਕੀਤੀ ਹੋਵੇ। ਵਿਦਿਆਰਥੀ ਨੇ ਕੁਲ ਨੰਬਰ 60% ਲਏ ਹੋਣ। |
| | | ਹਿੰਦੀ | ਦਸਵੀਂ ਹਿੰਦੀ ਵਿਸ਼ੇ ਨਾਲ 60% ਅੰਕਾਂ ਨਾਲ ਜਾਂ +2 ਚੋਣਵੀਂ ਹਿੰਦੀ ਵਿਸ਼ੇ ਨਾਲ 50% ਨੰਬਰਾਂ ਨਾਲ ਪਾਸ ਕੀਤੀ ਹੋਵੇ। |
| | | ਹਿੰਦੀ ਪੱਤਰਕਾਰਿਤਾ | 10+2 ਕਿਸੇ ਵੀ ਵਰਗ ਵਿਚ 50% ਨੰਬਰਾਂ ਨਾਲ ਪਾਸ ਕੀਤੀ ਹੋਵੇ। |
| 3 | ਬੀ.ਕਾਮ | | +2 ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ । |
| 4 | ਬੀ. ਬੀ. ਏ | | +2 ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ । |
| 5 | ਬੀ. ਐਸ. ਸੀ.ਮੈਡੀਕਲ **ਬੋਟਨੀ ਵਿਸ਼ੇ ਨਾਲ** | | +2 Medical ਵਿਚ ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। |
| 6 | ਬੀ. ਐਸ. ਸੀ ਮੈਡੀਕਲ **ਕਲੀਨੀਕਲ ਅਤੇ ਨਿਊਟਿਰੇਸ਼ਨ ਅਤੇ ਡਾਈਟੈਟਿਕਸ** (CND) **ਵਿਸ਼ਾ** | | +2 Medical ਵਿਚ ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। |
| 7 | ਬੀ. ਐਸ. ਸੀ (ਨਾਨ-ਮੈਡੀਕਲ) | | +2 ਸੰਬੰਧਿਤ ਸਾਇੰਸ ਵਰਗ ਵਿਚ ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। |
| 8 | ਬੀ.ਐਸ. ਸੀ.(ਕੰਪਿਊਟਰ ਸਾਇੰਸ) | | +2 Non-Medical ਸਾਇੰਸ ਵਰਗ ਵਿਚ ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। |
| 9 | ਬੀ. ਐਸ. ਸੀ. ਹੋਮ ਸਾਇੰਸ | | +2 ਸਾਇੰਸ ਵਰਗ ਵਿਚ ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। |
| 10 | ਬੀ. ਸੀ. ਓ | | +2 ਜਾਂ ਬਰਾਬਰ ਦੀ ਪ੍ਰੀਖਿਆ 40% ਨੰਬਰਾਂ ਨਾਲ ਪਾਸ ਕੀਤੀ ਹੋਵੇ |
| 11 | ਐਮ.ਏ ਸੰਗੀਤ ਆਵਾਜ਼ | | ਬੈਚਲਰ ਡਿਗਰੀ ਸੰਗੀਤ ਆਵਾਜ਼ ਵਿਸ਼ੇ ਵਿਚ 45% ਨੰਬਰਾਂ ਨਾਲ<br>ਜਾਂ<br>ਬੈਚਲਰ ਡਿਗਰੀ 50% ਕੁਲ ਨੰਬਰਾਂ ਨਾਲ ਪਾਸ ਕੀਤੀ ਹੋਵੇ । |
| 12 | ਐਮ.ਏ ਸੰਗੀਤ ਸਾਜ਼ | | ਬੈਚਲਰ ਡਿਗਰੀ ਸੰਗੀਤ ਸਾਜ਼ ਵਿਸ਼ੇ ਵਿਚ 45% ਨੰਬਰਾਂ ਨਾਲ<br>ਜਾਂ<br>ਬੈਚਲਰ ਡਿਗਰੀ 50% ਕੁਲ ਨੰਬਰਾਂ ਨਾਲ ਪਾਸ ਕੀਤੀ ਹੋਵੇ । |
| 13 | ਐਮ.ਏ ਭੂਗੋਲ | | ਬੈਚਲਰ ਡਿਗਰੀ ਭੂਗੋਲ ਵਿਸ਼ੇ ਵਿਚ 45% ਨੰਬਰਾਂ ਨਾਲ<br>ਜਾਂ<br>ਪੀ.ਜੀ.ਡਿਪਲੋਮਾ ਇਨ ਕਾਰਟੋਗ੍ਰਾਫ਼ੀ 50% ਕੁਲ ਨੰਬਰਾਂ ਨਾਲ ਪਾਸ ਕੀਤਾ ਹੋਵੇ। |

| ਕ੍ਰਮ ਨੰਬਰ | ਵਿਸ਼ੇ ਦਾ ਨਾਂ | ਯੋਗਤਾ |
|---|---|---|
| 14 | ਐਮ.ਏ ਅੰਗਰੇਜ਼ੀ | ਬੈਚਲਰ ਡਿਗਰੀ ਕਿਸੇ ਫ਼ਕੈਲਟੀ ਵਿਚ ਕੁਲ ਨੰਬਰਾਂ 50% ਜਾਂ ਚੌਣਵੀਂ ਅੰਗਰੇਜ਼ੀ 45% ਜਾਂ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਕਿਸੇ ਵਿਸ਼ੇ ਨਾਲ ਮਾਸਟਰ ਡਿਗਰੀ ਪਾਸ ਕੀਤੀ ਹੋਵੇ। ਬੀ.ਏ. ਆਨਰਜ਼ ਸਕੂਲ ਇਨ ਇੰਗਲਿੰਸ ਕਰਨ ਵਾਲਾ ਵਿਦਿਆਰਥੀ ਵੀ ਯੋਗ ਹੈ। |
| 15 | ਐਮ.ਏ ਡਾਂਸ | ਬੈਚਲਰ ਡਿਗਰੀ ਡਾਂਸ ਵਿਸ਼ੇ ਨਾਲ 45% ਜਾਂ 50% ਕੁਲ ਨੰਬਰਾਂ ਨਾਲ ਪਾਸ ਕੀਤੀ ਹੋਵੇ |
| 16 | ਅੰਡਰ ਗ੍ਰੈਜੂਏਟ ਕੋਰਸ ਇਨ ਫ਼ੂਡ ਪ੍ਰੋਡਕਸ਼ਨ | +2 ਕਿਸੇ ਵੀ ਵਰਗ ਵਿਚ ਪਾਸ ਕੀਤੀ ਹੋਵੇ |
| 17 | ਪੋਸਟ ਗ੍ਰੈਜੂਏਟ ਕੋਰਸ ਇਨ ਗਾਰਮੈਂਟ ਕੰਸ਼ਟਰਕਸ਼ਨ ਐਂਡ ਫ਼ੈਸ਼ਨ | ਬੈਚਲਰ ਡਿਗਰੀ ਕਿਸੇ ਵੀ ਵਰਗ ਵਿਚ 45% ਜਾਂ ਇਸਦੇ ਬਰਾਬਰ ਦੀ ਕੋਈ ਪ੍ਰੀਖਿਆ ਪਾਸ ਕੀਤੀ ਹੋਵੇ |
| 18 | ਪੋਸਟ ਗ੍ਰੈਜੂਏਟ ਕੋਰਸ ਇਨ ਕੰਪਿਊਟਰ ਐਪਲੀਕੇਸ਼ਨ | ਬੈਚਲਰ ਡਿਗਰੀ ਕਿਸੇ ਵੀ ਵਰਗ ਵਿਚ 45% ਜਾਂ ਇਸਦੇ ਬਰਾਬਰ ਦੀ ਕੋਈ ਪ੍ਰੀਖਿਆ ਪਾਸ ਕੀਤੀ ਹੋਵੇ |

* **ਫ਼ਿਜ਼ੀਕਲ ਐਜੂਕੇਸ਼ਨ** ਦਾ ਵਿਸ਼ਾ ਲੈਣ ਵਾਲੇ ਵਿਦਿਆਰਥੀ ਨੂੰ ਫ਼ਿਜ਼ੀਕਲ ਫ਼ਿਟਨੈੱਸ ਦਾ ਟੈਸਟ ਦੇਣਾ ਹੋਵੇਗਾ ਇਸਲਈ ਵਿਦਿਆਰਥੀ ਦਾਖਲਾ ਲੈਣ ਤੋਂ ਪਹਿਲਾਂ ਵਿਭਾਗ **ਮੁੱਖੀ, ਫ਼ਿਜ਼ੀਕਲ ਐਜੂਕੇਸ਼ਨ ਵਿਭਾਗ** ਨਾਲ ਸੰਪਰਕ ਕਰਨ।

# ਵਿਸ਼ਾ-ਸੁਮੇਲ {SUBJECT COMBINATION} (For B.A. Only)

- ਵਿਦਿਆਰਥੀ ਹੋਮ ਸਾਇੰਸ ਅਤੇ ਸਰੀਰਕ ਸਿਖਿਆ ਨਾਲ ਦੂਸਰਾ ਪ੍ਰਯੋਗੀ ਵਿਸ਼ਾ ਨਹੀਂ ਲੈ ਸਕਦਾ।
- ਵਿਦਿਆਰਥੀ ਦੋ ਤੋਂ ਵਧੇਰੇ ਪ੍ਰਯੋਗੀ ਵਿਸ਼ੇ ਨਹੀਂ ਲੈ ਸਕਦਾ।(ਪ੍ਰਯੋਗੀ ਵਿਸ਼ੇ ਰੇਖਾਂਕਿਤ ਹਨ)।
- ਵੋਕੇਸ਼ਨਲ ਵਿਸ਼ੇ *Italic* ਅੱਖਰਾਂ ਵਿਚ ਵਰਨਣ ਹਨ।

**ਵਿਸ਼ਾ ਚੋਣ ਸਕੀਮ**

| | | |
|---|---|---|
| **ਲਾਜ਼ਮੀ ਵਿਸ਼ੇ** | | ਵਿਸ਼ਾ 1: ਲਾਜ਼ਮੀ ਅੰਗਰੇਜ਼ੀ<br>ਵਿਸ਼ਾ 2: ਲਾਜ਼ਮੀ ਪੰਜਾਬੀ(ਜੇ ਦਸਵੀਂ ਤੱਕ ਪੰਜਾਬੀ ਪੜ੍ਹੀ ਹੈ।<br>ਮੁੱਢਲੀ ਪੰਜਾਬੀ ( ਯੂਨੀਵਰਸਿਟੀ ਨਿਯਮਾਂ ਅਨੁਸਾਰ) |

ਹੇਠਾਂ ਦਿੱਤੀ ਸਾਰਣੀ ਵਿਚੋਂ ਕੋਈ ਤਿੰਨ ਵਿਸ਼ੇ ਲੈ ਸਕਦੇ ਹੋ।

- ਵਿਦਿਆਰਥੀ ਇਕ ਦਾਖ਼ਲਾ ਫ਼ਾਰਮ ਵਿਚ ਇਕ ਤੋਂ ਵਧੇਰੇ ਵਿਸ਼ੇ-ਸੁਮੇਲ ਵਰਨਣ ਕਰ ਸਕਦਾ ਹੈ।
- ਦਾਖ਼ਲਾ ਤਦ ਹੀ ਮਿਲੇਗਾ ਜੇਕਰ ਮੈਰਿਟ ਦੇ ਆਧਾਰ ਤੇ ਵਿਸ਼ਾ-ਸੁਮੇਲ ਵਿਚ ਸੀਟਾਂ ਬਾਕੀ ਹੋਣਗੀਆਂ।
- ਜੇਕਰ ਕਿਸੇ ਵਿਸ਼ੇ ਵਿਚ ਸੀਟਾਂ ਖ਼ਤਮ ਹੋ ਜਾਣ ਤਾਂ ਉਹ ਵਿਸ਼ਾ ਸੁਮੇਲ ਰੱਦ ਹੋ ਜਾਵੇਗਾ ਅਤੇ ਦਾਖ਼ਲੇ ਲਈ ਅਗਲਾ ਵਿਸ਼ਾ-ਸੁਮੇਲ ਆਧਾਰ ਬਣਾਇਆ ਜਾਵੇਗਾ।
- ਅਸੀਂ ਵਿਦਿਆਰਥੀਆਂ ਨੂੰ ਇਕ ਤੋਂ ਵਧੇਰੇ ਵਿਸ਼ਾ-ਸੁਮੇਲ ਭਰਨ ਦੀ ਸਲਾਹ ਦੇਵਾਂਗੇ ਤਾਂ ਜੋ ਦਾਖ਼ਲਾ ਮਿਲਣ ਦਾ ਮੌਕਾ ਵਧੇਰੇ ਹੋ ਜਾਵੇ।
- ਵਧੇਰੇ ਜਾਣਕਾਰੀ ਲਈ **ਵਿਸ਼ਾ ਚੋਣ ਅਤੇ ਨਿਰਧਾਰਣ ਸਬੰਧੀ ਵੇਰਵਾ** ਪੰਨੇ ਉਪਰ ਵੇਰਵਾ ਦਰਜ਼ ਹੈ।

| | | ਗਰੁੱਪ | ਵਿਸ਼ਾ-ਸੂਚੀ |
|---|---|---|---|
| **Optional Subjects** | ਹਰ ਗਰੁੱਪ ਵਿਚੋਂ ਕੇਵਲ ਇਕ ਵਿਸ਼ੇ ਦੀ ਹੀ ਚੋਣ ਕੀਤੀ ਜਾਵੇ । (Maximum - Three Subjects) | 1 | ਚੋਣਵੀਂ ਅੰਗਰੇਜ਼ੀ / ਚੋਣਵੀਂ ਪੰਜਾਬੀ / ਚੋਣਵੀਂ ਹਿੰਦੀ / ਸੰਸਕ੍ਰਿਤ / *ਪ੍ਰਕਾਰਜੀ ਅੰਗਰੇਜ਼ੀ / ਪ੍ਰਕਾਰਜ਼ੀ ਹਿੰਦੀ / ਹਿੰਦੀ ਪੱਤਰਕਾਰਿਤਾ* |
| | | 2 | ਫਿਲਾਸਫ਼ੀ / **ਭੂਗੋਲ / ਸੰਗੀਤ(ਆਵਾਜ਼) / ਸੰਗੀਤ(ਸਾਜ਼)/ ਹੋਮਸਾਇੰਸ/ ਕੰਪਿਊਟਰ ਸਾਇੰਸ** |
| | | 3 | ਅਰਥ ਸਾਸ਼ਤਰ /ਸਮਾਜ ਵਿਗਿਆਨ/ **ਫ਼ਾਇਨ ਆਰਟ/ ਸਰੀਰਕ ਸਿਖਿਆ** |
| | | 4 | ਇਤਿਹਾਸ/ ਹਿਸਾਬ / **ਮਨੋਵਿਗਿਆਨ** |
| | | 5 | ਰਾਜਨੀਤੀ ਸ਼ਾਸਤਰ / **ਕਲਾਸੀਕਲ ਡਾਂਸ** / ਸਟੈਟਿਕਸ |

ਨੋਟ: ਵਿਦਿਆਰਥੀ ਸੰਗੀਤ (ਆਵਾਜ਼) ਅਤੇ ਸੰਗੀਤ (ਸਾਜ਼) ਵਿਸ਼ੇ ਇਕੱਠੇ ਲੈ ਸਕਦਾ ਹੈ।

## ਬੀ.ਏ ਵਿਚ ਨਿਰਧਾਰਿਤ ਸੀਟਾਂ ਦੀ ਗਿਣਤੀ

| ਕ੍ਰਮ ਨੰ. | ਵਿਸ਼ੇ ਦਾ ਨਾਂ | ਸੀਟਾਂ ਦੀ ਗਿਣਤੀ |
|---|---|---|
| 1 | Functional Hindi (ਪ੍ਰਕਾਰਜੀ ਹਿੰਦੀ) | **40** |
| 2 | Elective Hindi (ਚੋਣਵੀਂ ਹਿੰਦੀ) | **160** |
| 3 | Functional English (ਪ੍ਰਕਾਰਜੀ ਅੰਗਰਜ਼ੀ) | **40** |
| 4 | Elective English (ਚੋਣਵੀਂ ਅੰਗਰੇਜ਼ੀ) | **80** |
| 5 | Elective Punjabi(ਚੋਣਵੀਂ ਪੰਜਾਬੀ) | **160** |
| 6 | Sanskrit(ਸੰਸਕ੍ਰਿਤ) | **40** |
| 7 | Economics(ਅਰਥ ਸਾਸ਼ਤਰ) | **160** |
| 8 | Home Science(ਹੋਮਸਾਇੰਸ) | **40** |
| 9 | Sociology(ਸਮਾਜ ਵਿਗਿਆਨ) | **160** |
| 10 | Fine Arts(ਫ਼ਾਇਨ ਆਰਟ) | **40** |
| 11 | Physical Education(ਸਰੀਰਕ ਸਿਖਿਆ) | **60** |
| 12 | Political Science(ਰਾਜਨੀਤੀ ਸ਼ਾਸਤਰ) | **240** |
| 13 | Dance(ਕਲਾਸੀਕਲ ਡਾਂਸ) | **40** |
| 14 | Statistics(ਸਟੇਟਿਸਟਿਕਸ) | **40** |
| 15 | Philosophy(ਫਿਲਾਸਫ਼ੀ) | **160** |
| 16 | Geography(ਭੂਗੋਲ) | **40** |
| 17 | Music Vocal(ਸੰਗੀਤ ਆਵਾਜ਼) | **40** |
| 18 | Music Instrumental(ਸੰਗੀਤ ਸਾਜ਼) | **60** |
| 19 | History(ਇਤਿਹਾਸ) | **240** |
| 20 | Maths(ਹਿਸਾਬ) | **80** |
| 21 | Psychology(ਮਨੋਵਿਗਿਆਨ) | **50** |
| 22 | Computer Science(ਕੰਪਿਊਟਰ ਸਾਇੰਸ) | **40** |
| 23 | Hindi Journalism(ਹਿੰਦੀ ਪੱਤਰਕਾਰਿਕਤਾ) | **40** |

# ਸ਼੍ਰੇਣੀ ਅਨੁਸਾਰ ਸੀਟਾਂ ਦੀ ਵੰਡ

ਸਾਰਣੀ ਅਨੁਸਾਰ ਸ਼੍ਰੇਣੀ ਦਾ ਨਿਰਧਾਰਿਤ ਨੰਬਰ

1. ਜਨਰਲ
2. ਅਨੁਸੂਚਿਤ ਜ਼ਾਤੀ
3. ਪੱਛੜੀ ਸ਼੍ਰੇਣੀ
4. ਡਿਫੈਂਸ
5. ਖੇਡਾਂ
6. ਅੱਤਵਾਦ/ਦੰਗਾ ਪੀੜ੍ਹਤ
7. ਪੰਜਾਬ ਪੁਲਿਸ/ਪੈਰਾ ਮਿਲਟਰੀ ਫੋਰਸ/ ਪੰਜਾਬ ਹੋਮ ਗਾਰਡ/ ਸ਼ਹੀਦ ਹੋਏ ਸਿਪਾਹੀ/ਬਹਾਦਰੀ ਕਾਰਨ ਸਨਮਾਨਿਤ ਪੰਜਾਬ ਪੁਲਿਸ
8. ਅਪਾਹਿਜ
9. ਦੇਸ਼ ਭਗਤ ਦੇ ਬੱਚਿਆਂ ਲਈ

| ਉਪਰੋਕਤ ਸ਼੍ਰੇਣੀਆਂ ਅਨੁਸਾਰ ਸੀਟਾਂ ਦੀ ਵੰਡ | | | | | | | | | | | |
|---|---|---|---|---|---|---|---|---|---|---|---|
| ਕ੍ਰਮ ਨੰ. | ਖੋਰਸ | ਕੁਲ ਸੀਟਾਂ | 1 | 2 | 3 | 4 | 5 | 6 | 7 | 8 | 9 |
| 1 | ਬੀ. ਏ. | 640 | 339 | 160 | 64 | 13 | 13 | 13 | 13 | 19 | 6 |
| 2 | ਬੀ. ਕਾਮ. | 75 | 37 | 19 | 8 | 2 | 2 | 2 | 2 | 2 | 1 |
| 3 | ਬੀ. ਬੀ. ਏ | 60 | 32 | 15 | 6 | 1 | 1 | 1 | 1 | 2 | 1 |
| 4 | ਬੀ. ਐਸ. ਸੀ. ਮੈਡੀਕਲ (ਬੋਟਨੀ ਵਿਸ਼ੇ ਨਾਲ) | 100 | 53 | 25 | 10 | 2 | 2 | 2 | 2 | 3 | 1 |
| 5 | ਬੀ. ਐਸ. ਸੀ. ਮੈਡੀਕਲ (ਕਲੀਨੀਕਲ ਨਿਊਟਿਰੇਸ਼ਨ ਅਤੇ ਡਾਈਟੈਟਿਕਸ) | 30 | 14 | 8 | 3 | 1 | 1 | 1 | 1 | 1 | 0 |
| 6 | ਬੀ. ਐਸ. ਸੀ. ਨਾਨ-ਮੈਡੀਕਲ | 100 | 53 | 25 | 10 | 2 | 2 | 2 | 2 | 3 | 1 |
| 7 | ਬੀ. ਐਸ. ਸੀ. ਕੰਪਿਊਟਰ ਸਾਇੰਸ | 60 | 32 | 15 | 6 | 1 | 1 | 1 | 1 | 2 | 1 |
| 8 | ਬੀ. ਐਸ. ਸੀ. ਹੋਮ ਸਾਇੰਸ | 40 | 21 | 10 | 04 | 01 | 01 | 01 | 01 | 01 | 0 |
| 9 | ਬੀ. ਸੀ. ਏ. | 60 | 32 | 15 | 6 | 1 | 1 | 1 | 1 | 2 | 1 |
| 10 | ਐਮ. ਏ. - ਸੰਗੀਤ ਆਵਾਜ਼ | 15 | 8 | 04 | 2 | 0 | 0 | 0 | 0 | 0 | 0 |
| 11 | ਐਮ. ਏ. - ਸੰਗੀਤ ਸਾਜ਼ | 10 | 06 | 03 | 01 | 0 | 0 | 0 | 0 | 0 | 0 |
| 12 | ਐਮ. ਏ.- ਭੂਗੋਲ | 30 | 14 | 08 | 03 | 01 | 01 | 01 | 01 | 01 | 0 |
| 13 | ਐਮ. ਏ. - ਅੰਗਰੇਜ਼ੀ | 60 | 32 | 15 | 6 | 1 | 1 | 1 | 1 | 2 | 1 |
| 14 | ਐਮ. ਏ. - ਡਾਂਸ | 10 | 06 | 03 | 01 | 0 | 0 | 0 | 0 | 0 | 0 |
| 15 | ਅੰਡਰ ਗ੍ਰੈਜੂਏਟ ਕੋਰਸ ਇਨ ਫੂਡ ਪ੍ਰੋਡਕਸ਼ਨ | 40 | 21 | 10 | 04 | 01 | 01 | 01 | 01 | 01 | 0 |

| ਉਪਰੋਕਤ ਸ਼੍ਰੇਣੀਆਂ ਅਨੁਸਾਰ ਸੀਟਾਂ ਦੀ ਵੰਡ | | | | | | | | | | | |
|---|---|---|---|---|---|---|---|---|---|---|---|
| ਕ੍ਰਮ ਨੰ. | ਕੋਰਸ | ਕੁਲ ਸੀਟਾਂ | 1 | 2 | 3 | 4 | 5 | 6 | 7 | 8 | 9 |
| 16 | ਅੰਡਰ ਗ੍ਰੈਜੂਏਟ ਕੋਰਸ ਇਨ ਫਰੰਟ ਆਫ਼ਿਸ | 40 | 21 | 10 | 04 | 01 | 01 | 01 | 01 | 01 | 0 |
| 17 | ਅੰਡਰ ਗ੍ਰੈਜੂਏਟ ਕੋਰਸ ਇਨ ਫੂਡ ਐਂਡ ਬੀਵਰਜ਼ਸ | 40 | 21 | 10 | 04 | 01 | 01 | 01 | 01 | 01 | 0 |
| 18 | ਪੋਸਟ ਗ੍ਰੈਜੂਏਟ ਕੋਰਸ ਇਨ ਗਾਰਮੈਂਟ ਕੰਸਟਰਕਸ਼ਨ ਐਂਡ ਫੈਸ਼ਨ ਡਿਜਾਨਿੰਗ | 20 | 12 | 05 | 02 | 0 | 0 | 0 | 0 | 01 | 0 |
| 19 | ਪੋਸਟ ਗ੍ਰੈਜੂਏਟ ਕੋਰਸ ਇਨ ਕੰਪਿਊਟਰ ਐਪਲੀਕੇਸ਼ਨ | 40 | 21 | 10 | 04 | 01 | 01 | 01 | 01 | 01 | 0 |

** ਜੰਮੂ ਕਸ਼ਮੀਰ ਦੇ ਵਿਦਿਆਰਥੀਆਂ ਲਈ ਸਿਰਫ਼ ਦੋ ਸੀਟਾਂ ਕੇਵਲ*

ਕੋਰਸ ਦਾ ਪੂਰਾ ਨਾਮ

1. ਬੈਚਲਰ ਆਫ਼ ਆਰਟਸ
2. ਬੈਚਲਰ ਆਫ਼ ਕਾਮਰਸ
3. ਬੈਚਲਰ ਆਫ਼ ਬਿਜ਼ਨਸ ਐਡਮਿੰਸਟਰੇਸ਼ਨ
4. ਬੈਚਲਰ ਆਫ਼ ਸਾਇੰਸ -ਮੈਡੀਕਲ ਬੋਟਨੀ ਵਿਸ਼ੇ ਨਾਲ
5. ਬੈਚਲਰ ਆਫ਼ ਸਾਇੰਸ ਮੈਡੀਕਲ - ਕਲੀਨੀਕਲ ਅਤੇ ਨਿਊਟਿਰੇਸ਼ਨ ਅਤੇ ਡਾਈਟੇਟਿਕਸ
6. ਬੈਚਲਰ ਆਫ਼ ਸਾਇੰਸ ਨਾਨ - ਮੈਡੀਕਲ
7. ਬੈਚਲਰ ਆਫ਼ ਸਾਇੰਸ - ਕੰਪਿਊਟਰ ਸਾਇੰਸ
8. ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨ
9. ਬੈਚਲਰ ਆਫ਼ ਸਾਇੰਸ - ਹੋਮ ਸਾਇੰਸ
10. ਮਾਸਟਰ ਆਫ਼ ਆਰਟਸ - ਸੰਗੀਤ ਆਵਾਜ਼
11. ਮਾਸਟਰ ਆਫ਼ ਆਰਟਸ - ਸੰਗੀਤ ਸਾਜ਼
12. ਮਾਸਟਰ ਆਫ਼ ਆਰਟਸ -ਭੂਗੋਲ
13. ਮਾਸਟਰ ਆਫ਼ ਆਰਟਸ - ਅੰਗਰੇਜ਼ੀ
14. ਮਾਸਟਰ ਆਫ਼ ਆਰਟਸ - ਡਾਂਸ
15. ਅੰਡਰ ਗ੍ਰੈਜੂਏਟ ਕੋਰਸ ਇਨ ਫੂਡ ਪ੍ਰੋਡਕਸ਼ਨ
16. ਅੰਡਰ ਗ੍ਰੈਜੂਏਟ ਕੋਰਸ ਇਨ ਫਰੰਟ ਆਫ਼ਿਸ
17. ਅੰਡਰ ਗ੍ਰੈਜੂਏਟ ਕੋਰਸ ਇਨ ਫੂਡ ਐਂਡ ਬੀਵਰਜ਼ਸ
18. ਪੋਸਟ ਗ੍ਰੈਜੂਏਟ ਕੋਰਸ ਇਨ ਗਾਰਮੈਂਟ ਕੰਸਟਰਕਸ਼ਨ ਐਂਡ ਫੈਸ਼ਨ
19. ਪੋਸਟ ਗ੍ਰੈਜੂਏਟ ਕੋਰਸ ਇਨ ਕੰਪਿਊਟਰ ਐਪਲੀਕੇਸ਼ਨ

# ਆਨਲਾਈਨ ਫਾਰਮ ਪ੍ਰਿੰਟਆਉਟ ਕਰਨ ਪਿਛੋਂ ਮੈਨੂੰ ਹੋਰ ਕਿਹੜੇ-ਕਿਹੜੇ ਦਸਤਾਵੇਜ਼ ਕਾਲਜ ਲਿਆਉਣੇ ਚਾਹੀਦੇ ਹਨ?

ਦਸਤਾਵੇਜ਼ਾਂ ਦੀ ਸੂਚੀ:

- ਸੈਲਫ ਅਟੈਸਡ ਸਰਟੀਫਿਕੇਟ ਦੀਆਂ ਕਾਪੀਆਂ ਫਾਰਮ ਨਾਲ ਲਗਾਉ।
- ਅਸਲੀ ਦਸਤਾਵੇਜ਼

*ਨੋਟ - ਕਿਹੜਾ ਸਰਟੀਫਿਕੇਟ ਕਿਸ ਅਥਾਰਟੀ ਤੋਂ ਬਣਾਇਆ ਜਾਣਾ ਚਾਹੀਦਾ ਹੈ ਇਸ ਲਈ **"ਸਰਟੀਫਿਕੇਟ ਜਾਰੀ ਕਰਨ ਵਾਲੇ ਅਫਸਰਾਂ ਦੀ ਸੂਚੀ"** ਨੂੰ ਪੜੋ।*

## ਨਾਲ ਨੱਥੀ ਕਰਨ ਲਈ ਦਸਤਾਵੇਜ਼ (ਸਰਟੀਫਿਕੇਟ) ਸੂਚੀ

**I. ਸਾਰੇ ਵਿਦਿਆਰਥੀਆਂ ਲਈ:**

1. 10 ਵੀ ਦਾ ਨੰਬਰ ਕਾਰਡ (ਜਨਮ ਮਿਤੀ ਦੇ ਸਬੂਤ ਨਾਲ)
2. +2 ਪਾਸ ਸਰਟੀਫਿਕੇਟ ਡੀ.ਐਮ.ਸੀ.
3. ਕਰੈਕਟਰ ਸਰਟੀਫਿਕੇਟ(ਆਖਰੀ ਸੰਸਥਾ ਜਿਸ ਤੋਂ ਪ੍ਰੀਖਿਆ ਪਾਸ ਕੀਤੀ ਹੋਵੇ) **(ਅਸਲ ਕਾਪੀ)**
4. ਮੈਡੀਕਲ ਫਿੱਟਨੈਸ ਸਰਟੀਫਿਕੇਟ**(ਅਸਲ ਕਾਪੀ)**
5. ਬਲੱਡ ਗਰੁੱਪ**(ਅਸਲ ਕਾਪੀ)**
6. ਇੱਕ ਪਾਸਪੋਰਟ ਸਾਈਜ਼ ਫੋਟੋ।
7. ਅਧਾਰ ਕਾਰਡ ਕਾਪੀ।
8. ਬੈਂਕ ਪਾਸ ਬੁੱਕ ਫੋਟੋ ਕਾਪੀ ਜੋ ਵਿਦਿਆਰਥੀ ਦੇ ਆਪਣੇ ਨਾਮ ਨਾਲ ਬਣੀ ਹੋਵੇ।
9. ਐਂਟੀ ਰੈਗਿੰਗ ਪ੍ਰੋਫਾਰਮੇ **(ਵਿਦਿਆਰਥੀ ਅਤੇ ਮਾਤਾ-ਪਿਤਾ ਵਲੋਂ) (ਅਸਲ ਕਾਪੀ)**

**II. ਰਿਜ਼ਰਵ ਕੈਟਾਗਿਰੀ ਦੇ ਵਿਦਿਆਰਥੀਆਂ ਲਈ (SC/BC/OBC)**

**ਸਰਟੀਫਿਕੇਟ 1 ਤੋਂ 9+**

10. ਕੈਟਾਗਿਰੀ(ਜਾਤ) ਪਰੂਫ(ਜਿਸ ਵਿੱਚ ਦਾਖਲਾ ਲੈਣਾ ਹੈ।)
11. ਆਮਦਨੀ ਸਰਟੀਫਿਕੇਟ (ਐਸ. ਸੀ. ਕੈਟਾਗਿਰੀ ਲਈ ਆਮਦਨ 2,50,0000/- ਬੀਸੀ ਲਈ ਆਮਦਨ ਰੁਪਏ) ਤੋਂ ਘੱਟ।

**III. ਜਿਹੜੇ ਵਿਦਿਆਰਥੀ ਦਾ ਗੈਪ ਹੈ-**

**ਸਰਟੀਫਿਕੇਟ 1 ਤੋਂ 9+**

12. ਵਿਦਿਆਰਥੀ ਸਵੈ-ਘੋਸ਼ਣਾ ਨਾਲ ਲਿਖ ਕੇ ਦੇਵੇ ਕਿ ਉਸ ਨੇ ਵਿਹਲੇ ਸਮੇਂ ਦੌਰਾਨ ਕੀ ਕੀਤਾ?
13. ਆਪਣੇ ਇਲਾਕੇ ਦੇ ਕੌਂਸਲਰ ਤੋਂ ਆਪਣੇ ਚਾਲ-ਚਲਣ ਦਾ ਸਰਟੀਫਿਕੇਟ(ਕਰੈਕਟਰ) ਸਬੂਤ ਦੇਵੇ।

**IV. ਜਿਹੜੇ ਵਿਦਿਆਰਥੀ(ਬਿਨੈ-ਕਰਤਾ) ਨੇ ਪੰ.ਸ.ਸਿ.ਬੋਰਡ/ਗੁਰੂ ਨਾਨਕ ਦੇਵ ਯੂਨੀ.ਦੀ ਥਾਂ ਹੋਰ ਸੰਸਥਾ ਤੋਂ ਪੜ ਕੇ ਆਏ ਹਨ:-**

**ਸਰਟੀਫਿਕੇਟ 1 ਤੋਂ 9+**

14. ਮਾਈਗਰੇਸ਼ਨ ਸਰਟੀਫਿਕੇਟ **(ਅਸਲ ਕਾਪੀ)**

**V. ਦੂਸਰੇ ਦੇਸ਼ ਤੋਂ ਆਏ ਵਿਦਿਆਰਥੀ-**

**ਸਰਟੀਫਿਕੇਟ 1 ਤੋਂ 9+**

15. ਭਾਰਤ ਸਰਕਾਰ ਵਲੋ ਮਨਜੂਰ ਸ਼ੁਦਾ ਵੀਜ਼ਾ।

ਨੋਟ:

- ਸਵੈ-ਘੋਸ਼ਣਾ ਦਾ ਫਾਰਮ ਕਾਲਜ ਦੀ ਆਨਲਾਈਨ ਰਜਿਸਟਰੇਸ਼ਨ ਵਾਲੇ ਪੰਨੇ ਤੋਂ ਡਾਊਨਲੋਡ ਕੀਤਾ ਜਾਵੇ।

**ਕਿਸੇ ਵੀ ਕੈਟਾਗਿਰੀ ਨਾਲ ਸਬੰਧਤ ਵਿਦਿਆਰਥੀ**

- ਜੇ ਉਮੀਦਵਾਰ ਅਠਾਰਾਂ ਸਾਲ ਤੋਂ ਘੱਟ ਉਮਰ ਦਾ ਹੈ ਤਾਂ ਮਾਤਾ-ਪਿਤਾ ਦੇ ਨਾਮ ਦਾ ਸਰਟੀਫਿਕੇਟ ਬਣਿਆ ਹੋਵੇ ਜਿਸ ਵਿੱਚ ਉਮੀਦਵਾਰ ਦਾ ਨਾਮ ਹੋਣਾ ਜਰੂਰੀ ਹੈ।
- ਜੇ ਉਮੀਦਵਾਰ ਅਠਾਰਾਂ ਸਾਲ ਤੋਂ ਵੱਧ ਉਮਰ ਦਾ ਹੈ ਤਾਂ ਸਰਟੀਫਿਕੇਟ ਉਸਦੇ ਆਪਣੇ ਨਾਮ ਤੇ ਬਣਿਆ ਹੋਣਾ ਚਾਹੀਦਾ ਹੈ।

# ਸਰਟੀਫਿਕੇਟ ਜਾਰੀ ਕਰਨ ਵਾਲੇ ਅਫਸਰਾਂ ਦੀ ਸੂਚੀ

| **ਲੜੀ ਨੰ:** | **ਕੈਟੇਗਰੀ** | **ਸਰਟੀਫਿਕੇਟ ਨਾਮ** | **ਅਫਸਰਾਂ ਦੀ ਸੂਚੀ/ਜਾਰੀ ਕਰਤਾ** |
|---|---|---|---|
| 1. | ਬੀ. ਸੀ. | ਬੈਕਵਰਡ ਕਲਾਸ ਸਰਟੀਫਿਕੇਟ | ਡੀ.ਸੀ/ਏ.ਡੀ.ਸੀ/ਐਸ. ਡੀ. ਐਮ./ ਕਾਰਜਕਾਰੀ ਮੈਜਿਸਟਰੇਟ/ਤਹਿਸੀਲਦਾਰ |
| 2. | ਐਸ. ਸੀ. | ਅਨੁਸੂਚਿਤ ਜਾਤੀ ਸਰਟੀਫਿਕੇਟ | ਡੀ.ਸੀ/ਏ.ਡੀ.ਸੀ/ਐਸ. ਡੀ. ਐਮ./ ਕਾਰਜਕਾਰੀ ਮੈਜਿਸਟਰੇਟ/ਤਹਿਸੀਲਦਾਰ |
| 3. | ਐਸ. ਸੀ./ ਬੀ. ਸੀ | ਆਮਦਨ ਸਰਟੀਫਿਕੇਟ ਐਸ.ਸੀ/ ਬੀਸੀ | ਸੈਲਰੀ ਸਲਿਪ/ਹਲਫੀਆਂ ਬਿਆਨ ਜੋ ਸੁਵਿਧਾ ਕੇਂਦਰ ਤੋਂ ਜਾਰੀ ਹੋਇਆ ਹੋਵੇ। |
| 4. | ਹੋਰ ਰਾਜਾਂ ਦੇ ਵਿਦਿਆਰਥੀਆਂ ਲਈ **(ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਲਈ ਵੀ)** | ਡੋਮੀਸਾਈਲ/ ਰੈਜ਼ੀਡੈਂਸ ਸਰਟੀਫਿਕੇਟ | ਡੀ.ਸੀ/ਏ.ਡੀ.ਸੀ/ਐਸ. ਡੀ. ਐਮ./ ਕਾਰਜਕਾਰੀ ਮੈਜਿਸਟਰੇਟ/ਤਹਿਸੀਲਦਾਰ |
| 5. | ਡੀਫੈਂਸ | ਡੀਫੈਂਸ ਪਛਾਣ-ਪੱਤਰ/ ਡਿਸਚਾਰਜ ਬੁੱਕ | ਕਮਾਂਡਿੰਗ ਅਫਸਰ ਤੋਂ ਜਾਰੀ ਹੋਵੇ। |
| 6. | ਸਾਰੀਆਂ ਕੈਟੇਗਰੀ ਲਈ | ਮਾਈਗਰੇਸ਼ਨ ਸਰਟੀਫਿਕੇਟ (ਸੀ.ਬੀ.ਐਸ.ਈ/ ਆਈ.ਸੀ.ਐਸ.ਸੀ) | ਸਬੰਧਤ ਬੋਰਡ/ਯੂਨੀਵਰਸਿਟੀ |
| 7. | ਸਾਰੀਆਂ ਕੈਟੇਗਿਰੀ ਲਈ | ਕਰੈਕਟਰ (ਚਾਲ-ਚੱਲਣ) ਸਰਟੀਫਿਕੇਟ | ਜਿਸ ਸਕੂਲ/ਯੂਨੀਵਰਸਿਟੀ ਤੋਂ ਪਿਛਲਾ ਇਮਤਿਹਾਨ ਪਾਸ ਕੀਤਾ ਹੈ। |
| 8. | ਸਾਰੀਆਂ ਕੈਟੇਗਰੀ ਕਈ | ਮੈਡੀਕਲ ਸਰਟੀਫਿਕੇਟ ਜਿਸ ਵਿੱਚ ਬਲੱਡ ਗਰੁੱਪ ਵੀ ਲਿਖਿਆ ਹੋਵੇ। | ਰਜਿਸਟਰਡ ਐਮ.ਬੀ.ਬੀ.ਐਸ/ਐਮ.ਡੀ ਡਾਕਟਰ |
| 9. | ਪੰਜਾਬ ਪੁਲਿਸ/ ਪੰਜਾਬ ਆਰਮਡ ਪੁਲਿਸ/ਪੀਪੀ/ ਪੀਏਪੀ/ ਪੰਜਾਬ ਹੋਮ ਗਾਰਡ/ ਪੈਰਾ ਮਿਲਟਰੀ ਫੋਰਸ | ਪਛਾਣ ਪੱਤਰ/ਡਿਸਚਾਰਜ ਬੁੱਕ ਦੀ ਕਾਪੀ | ਯੂਨਿਟ ਦੇ ਕਮਾਂਡਿੰਗ ਅਫਸਰ |
| 10. | ਅੱਤਵਾਦ ਪੀੜਤ | ਸਰਟੀਫਿਕੇਟ/ਕਾਰਡ ਹੋਲਡਰ | ਡੀ.ਸੀ. |
| 11. | ਆਜਾਦੀ ਸੰਗਰਾਮੀਏ/ ਘੁਲਾਟੀਏ | ਸਰਟੀਫਿਕੇਟ | ਡੀ.ਸੀ. |
| 12. | ਗੈਪ ਵਾਲੇ ਸਮੇ ਦਾ ਵੇਰਵਾ | ਸਵੈ-ਘੋਸ਼ਣਾ | ਅਪਣੇ ਦਸਤਖਤ ਨਾਲ |

## ਅਨੁਸੂਚਿਤ ਜ਼ਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਜ਼ਰੂਰੀ ਹਦਾਇਤਾਂ
## ਪੋਸਟ ਮੈਟ੍ਰਿਕ ਵਜੀਫ਼ਾ ਸਕੀਮ ਅਧੀਨ

(ਐਪਲੀਕੈਂਟ) ਵਿਦਿਆਰਥੀ ਕਾਲਜ ਦਾ ਰੈਗੂਲਰ ਹੋਣਾ ਚਾਹੀਦਾ ਹੈ:

**ਆਮਦਨ ਦਾ ਵੇਰਵਾ:**

**ਐਸ.ਸੀ.** 2.50 ਲੱਖ ਰੁਪਏ (ਵੱਧ ਤੋਂ ਵੱਧ) ਤੱਕ

**ਓ.ਬੀ.ਸੀ.** 1.00 ਲੱਖ ਰੁਪਏ ਤੱਕ

ਦਾਖਲੇ ਸਮੇਂ ਜਮਾਂ ਕਰਵਾਉਣ ਲਈ ਜ਼ਰੂਰੀ ਦਸਤਾਵੇਜ਼

1. ਜ਼ਾਤ ਦਾ ਸਰਟੀਫ਼ਿਕੇਟ
2. ਆਮਦਨ ਦਾ ਸਰਟੀਟਿਫਕੇਟ (ਅਟੈਸਟਡ ਕਾਪੀ)
    - ਜੇ ਪਿਤਾ ਤਨਖਾਹ ਲੈ ਰਿਹਾ ਹੈ ਤਾਂ ਤਨਖਾਹ ਵਾਲੀ ਪਰਚੀ
    - ਜੇ ਪਿਤਾ ਪੈਨਸ਼ਨ ਲੈ ਰਿਹਾ ਹੈ ਤਾਂ ਅਖੀਰਲੇ ਮਹੀਨੇ ਦੀ ਲਈ ਪੈਨਸ਼ਨ ਪਰਚੀ ਨੂੰ ਤਨਖਾਹ ਸਰਟੀਫਿਕੇਟ ਦੇ ਤੌਰ ਤੇ ਮੰਨਿਆ ਜਾਵੇਗਾ ।
    - ਜੇ ਪਿਤਾ ਦਾ ਸਵੈ-ਰੁਜਗਾਰ ਤਾਂ ਆਮਦਨ ਸਰਟੀਫਿਕੇਟ ਸ਼ਧਂ/ ੍ਵਵਣਨੁਣ ੌਡਡਚਿਣਰ ਸੁਵਿਧਾ ਕੇਂਦਰ ਵੱਲੋਂ ਜਾਰੀ ਕੀਤਾ ਹੋਵੇ ।
3. ਵਿਦਿਆਰਥੀ ਦੁਆਰਾ ਦਿੱਤੇ ਗਏ ਮੋਬਾਇਲ ਨੰਬਰ (ਤਿੰਨ ਸਾਲਾਂ ਤੱਕ ਜਾਰੀ (ਜੋਨਾ ਬਦਲੇ) ਰਹਿਣੇ ਚਾਹੀਦੇ ਹਨ ।
4. ਈ.ਮੇਲ ਆਈ.ਡੀ (ਵਿਦਿਆਰਥੀ ਦੀ) ਜੋ ਕਿ ਅਗਲੇ ਤਿੰਨ ਸਾਲ ਤੱਕ ਨਾ ਬਦਲੀ ਜਾਵੇ ।
5. ਵਿਦਿਆਰਥੀ ਦਾ ਆਧਾਰ ਕਾਰਡ ।
6. ਵਿਦਿਆਰਥੀ ਦੇ ਨਾਮ ਤੇ ਬੈਂਕ- ਅਕਾਉਟ (ਬੈਂਕ ਅਕਾਉਂਟ ਅਤੇ ਆਧਾਰ ਕਾਰਡ ਉਪਰ ਵਿਦਿਆਰਥੀ ਦਾ ਨਾਂਮ ਇਕੋ ਇਕ ਹੋਵੇ)।
7. ਵਿਦਿਆਰਥੀ ਦੇ ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਫੋਟੋ ਕਾਪੀ ਵੀ ਨੱਥੀ ਕੀਤੀ ਜਾਵੇ ।

*ਜ਼ਰੂਰੀ ਸੂਚਨਾ :*

- *ਜੇ ਵਿਦਿਆਰਥੀ ਇੱਕ ਤੋਂ ਵੱਧ ਵਰਗ/ ਸਕੀਮਾਂ ਦਾ ਲਾਭ ਲੈਂਦਾ ਹੈ ਤਾਂ ਉਸ ਵਿਰੁੱਧ ਸਰਕਾਰੀ ਤੌਰ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।*
- ਕਿਸੇ ਵੀ **ਸਰਕਾਰੀ ਸਕੀਮ ਦਾ ਲਾਭ ਲੈਣ ਲਈ ਗਲਤ ਸੂਚਨਾ ਦੇਣ** ਦੀ ਸੂਰਤ ਵਿਚ
    - **ਉਮੀਦਵਾਰ (ਜੇਕਰ ਉਮਰ 18 ਸਾਲ ਤੋਂ ਵੱਧ)** ਜਾਂ
    - **ਮਾਤਾ-ਪਿਤਾ (ਜੇਕਰ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ)**

  ਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਦਾਖਲੇ ਮਿਤੀਆਂ ਅਤੇ ਫੀਸ ਜਮਾਂ ਕਰਵਾਉਣ ਸਬੰਧੀ ਨਿਯਮ

1. ਕੋਰਸ ਦੀ ਫੀਸ ਵਿਦਿਆਰਥੀ ਬੈਂਕ ਵਿਚ ਦਾਖਲੇ ਸਮੇਂ ਜਮਾਂ ਕਰਵਾਏਗਾ ।
2. ਯੂਨੀਵਰਸਿਟੀ ਇਮਤਿਹਾਨ ਦੀ ਫੀਸ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਲਈ ਜਾਵੇਗੀ ।

**ਫੀਸ ਜਮ੍ਹਾਂ ਕਰਵਾਉਣ ਦੀ ਸੂਚੀ**

1. **Odd (ਪਹਿਲੇ, ਤੀਸਰੇ,ਪੰਜਵੇਂ)ਸਿਮੈਸਟਰ** **ਦਾਖਲੇ ਸਮੇਂ**
2. **Even (ਦੂਸਰਾ,ਚੌਥਾ, ਛੇਵਾਂ) ਸਿਮੈਸਟਰ** **ਅਕਤੂਬਰ ਮਹੀਨੇ ਵਿੱਚ**
3. ਫੀਸ ਜਮਾਂ ਕਰਵਾ ਕੇ **ਰਸੀਦ ਦੀ ਸਾਂਭ ਸੰਭਾਲ** ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ ਤਾਂ ਜੋ ਉਹ ਭਵਿਖ ਵਿਚ ਲੋੜ ਪੈਣ ਤੇ (ਜਦੋਂ ਵੀ ਕਾਲਜ ਮੰਗ ਕਰੇ) ਦਿਖਾ ਸਕੇ ।

## ਦਾਖਲੇ ਸਮੇ ਜਮ੍ਹਾਂ ਕਰਵਾਈਆਂ ਜਾਣ ਵਾਲੀਆਂ ਫੀਸਾਂ ਤੇ ਫੰਡਾਂ ਸੰਬੰਧੀ ਜਰੂਰੀ ਸੂਚਨਾ:

1. ਕਾਲਜ ਦਾਖਲੇ ਸਮੇ ਵਿਦਿਆਰਥੀ ਤੋਂ ਸਰਕਾਰੀ/ ਯੂਨੀਵਰਸਿਟੀ ਨਿਯਮਾਂ ਅਨੁਸਾਰ ਫੀਸ /ਫੰਡ ਲਏ ਜਾਣਗੇ ।
2. ਪੰਜਾਬ ਸਰਕਾਰ/ ਯੂਨੀਵਰਸਿਟੀ ਨਿਯਮਾਂ ਅਨੁਸਾਰ ਕਿਸੇ ਸਮੇਂ ਫ਼ੀਸ ਵਿਚ ਵੀ ਘਾਟਾ /ਵਾਧਾ ਹੋ ਸਕਦਾ ਹੈ। ਅਜਿਹੀ ਸੂਰਤ ਵਿਚ ਬਕਾਇਆ ਜਮਾਂ/ਜਾਂ ਵਾਪਸੀ ਨਿਯਮਾਂ ਅਨੁਸਾਰ ਕੀਤੀ ਜਾ ਸਕਦੀ ਹੈ ।
3. ਐਸ.ਸੀ ਵਿਦਿਆਰਥੀਆਂ ਕੋਲੋ ਮੌਜੂਦਾ ਸਰਕਾਰੀ ਨਿਯਮਾਂ ਅਨੁਸਾਰ ਫੀਸ ਲਈ ਵੀ ਜਾ ਸਕਦੀ ਹੈ ਤੇ ਨਹੀਂ ਵੀ।ਸਿਰਫ ਮੋੜਨਯੋਗ ਫੀਸ ਹੀ ਲਈ ਜਾਵੇਗੀ ।

## ਦਾਖਲੇ ਪਿਛੋਂ ਹਿਦਾਇਤਾਂ :

1. ਜੇਕਰ ਕਿਸੇ ਵਿਦਿਆਰਥੀ ਦੀਆਂ ਦੋ ਵਿਸ਼ਿਆਂ ਵਿਚੋਂ ਹਾਜ਼ਰੀਆਂ ਘੱਟ ਹੋਣਗੀਆ ਤਾਂ ਉਸ ਨੂੰ ਉਨ੍ਹਾਂ ਵਿਸ਼ਿਆਂ ਵਿੱਚ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ ।ਵਿਦਿਆਰਥੀ ਸਿਰਫ ਉਹਨਾਂ ਵਿਸ਼ਿਆਂ ਦੀ ਹੀ ਪ੍ਰੀਖਿਆ ਦੇਣ ਦੇ ਯੋਗ ਹੋਵੇਗਾ ਜਿੰਨ੍ਹਾਂ ਵਿਚੋਂ ਉਸ ਦੀਆਂ ਹਾਜ਼ਰੀਆਂ ਪੂਰੀਆਂ ਹੋਣਗੀਆਂ।
2. ਜੇਕਰ ਕੋਈ ਵਿਦਿਆਰਥੀ ਚਾਰ ਸਿਮੈਸਟਰ ਵਿੱਚੋਂ ਸਾਰੇ ਪੇਪਰ ਪਾਸ ਨਹੀਂ ਕਰਦਾ ਤਾਂ ਉਸ ਨੂੰ ਲਗਾਤਾਰ ਚਾਰ ਸਿਮੈਸਟਰ ਵਿਚ ਰਹਿੰਦੇ ਪੇਪਰ ਪਾਸ ਕਰਨੇ ਹੋਣਗੇ।
3. ਜਿਹਨਾਂ ਵਿਦਿਆਰਥੀਆਂ ਦੇ ਲੈਕਚਰ ਘੱਟ ਹੋਣਗੇ ਉਹ ਵਿਦਿਆਰਥੀ ਅਗਲੇ ਸਿਮੈਸਟਰ ਵਿਚ ਨਹੀਂ ਜਾਣਗੇ। ਇਸੇ ਤਰਾਂ ਤੀਸਰੇ ਸਿਮੈਸਟਰ ਵਿੱਚ ਸਿਰਫ ਉਹ ਵਿਦਿਆਰਥੀ ਹੀ ਪ੍ਰਮੋਟ ਕੀਤੇ ਜਾਣਗੇ ਜਿਨ੍ਹਾਂ ਨੇ ਪਹਿਲੇ ਦੋ ਸਿਮੈਸਟਰਾਂ ਵਿਚੋਂ 50% ਪੇਪਰ ਪਾਸ ਕੀਤੇ ਹੋਣਗੇ ।
4. ਪੰਜਵੇ ਸਿਮੈਸਟਰ ਵਿੱਚ ਕੇਵਲ ਉਹਨਾਂ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿੰਨਾਂ ਨੇ ਪਿਛਲੇ ਚਾਰ ਸਿਮੈਸਟਰਾਂ ਵਿਚੋਂ ਘੱਟੋ ਘੱਟ 50% ਪ੍ਰੀਖਿਆ ਪਾਸ ਕੀਤੀ ਹੋਵੇਅਰਥਾਤ 10 ਪੇਪਰਾਂ ਵਿਚੋਂ 5 ਪੇਪਰ ਪਾਸ ਹੋਣੇ ਚਾਹੀਦੇ ਹਨ।
5. ਛੇਵੇਂ ਸਿਮੈਸਟਰ ਵਿਚ ਉਨਾਂ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿਨ੍ਹਾਂ ਨੇ ਪਹਿਲੇ ਸਿਮੈਸਟਰ ਦੇ ਸਾਰੇ ਪੇਪਰ ਪਾਸ ਕੀਤੇ ਹੋਣਗੇ ।ਛੇਵੇਂ ਸਿਮੈਸਟਰ ਪਿਛੋਂ ਵਿਦਿਆਰਥੀ ਨੂੰ ਲਗਾਤਾਰ ਦੋ ਸਾਲ ਵਿਚ ਰਹਿੰਦੇ ਪੇਪਰ ਪਾਸ ਕਰਨ ਦਾ ਮੌਕਾ ਦਿੱਤਾ ਜਾਵੇਗਾ।
6. ਜਿਹੜੇ ਵਿਦਿਆਰਥੀਆਂ ਨੇ ਐਨ.ਸੀ.ਸੀ/ਐਨ.ਐਸ.ਐਸ/ਸਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲਿਆ ਹੋਵੇ ਅਤੇ ਉਸ ਸਮੇਂ ਦੌਰਾਨ ਕੋਈ ਗੰਭੀਰ ਬਿਮਾਰੀ ਜਾਂ ਕਿਸੇ ਦੁਰਘਟਨਾਂ ਦਾ ਸ਼ਿਕਾਰ ਹੋ ਗਈ ਹੋਵੇ ਤਾਂ ਉਸ ਵਿਦਿਆਰਥੀ ਨੂੰ ਮਹੀਨਾਵਾਰ ਟੈਸਟ/ ਘਰੇਲੂ ਪ੍ਰੀਖਿਆ ਨਾ ਦੇ ਸਕਣ ਦੀ ਪ੍ਰਵਾਨਗੀ ਇਮਤਿਹਾਨ ਸ਼ੁਰੂ ਹੋਣ ਤੋਂ ਪਹਿਲਾ ਮੈਡੀਕਲ ਸਰਟੀਫਿਕੇਟ ਦੇ ਕੇ ਲੈਣੀ ਜ਼ਰੂਰੀ ਹੋਵੇਗੀ ।

7. **ਕਾਲਜ ਵਰਦੀ**:- ਕਾਲਜ ਦੇ ਵਿਦਿਆਰਥੀਆਂ ਲਈ ਨਿਸ਼ਚਿਤ ਵਰਦੀ ਸਫ਼ੈਦ ਸਲਵਾਰ- ਕਮੀਜ਼ ਅਤੇ ਗੁਲਾਬੀ ਰੰਗ ਦਾ ਦੁਪੱਟਾ ਹੈ । ਸਰਦੀਆਂ ਵਿਚ ਇਸ ਦੇ ਨਾਲ ਕਾਲਾ ਸਵੈਟਰ ਪਹਿਨਣਾ ਜ਼ਰੂਰੀ ਹੈ। ਵਿਦਿਆਰਥੀਆਂ ਲਈ ਹਰ ਬੁੱਧਵਾਰ ਅਤੇ ਕਾਲਜ ਦੇ ਸਭ ਸਮਾਗਮਾਂ ਸਮੇਂ ਇਹ ਯੂਨੀਫਾਰਮ ਪਹਿਨਣੀ ਜ਼ਰੂਰੀ ਹੈ ।
8. **ਸ਼ਨਾਖਤੀ ਕਾਰਡ-** ਵਿਦਿਆਰਥੀ ਦਾ ਕਾਲਜ ਵਿਚ ਸ਼ਨਾਖਤੀ ਕਾਰਡ ਬਹੁਤ ਜ਼ਰੂਰੀ ਹੈ । ਸ਼ਨਾਖਤੀ ਕਾਰਡ ਦੇ ਗੁੰਮ ਹੋ ਜਾਣ ਦੀ ਸੂਰਤ ਵਿਚ 10 ਦਿਨਾਂ ਦੇ ਅੰਦਰ- ਅੰਦਰ ਲਾਇਬ੍ਰੇਰੀਅਨ ਨੂੰ ਇਤਲਾਹ ਦੇਣ। ਨਵਾਂ ਕਾਰਡ ਦੁਬਾਰਾ ਬਣਾਉਣਾ ਜ਼ਰੂਰੀ ਹੈ ।
9. **ਹੋਸਟਲ ਸੰਬੰਧੀ ਨਿਯਮ-** ਆਨ ਲਾਇਨ ਦਾਖਲਾ ਫਾਰਮ ਭਰਦੇ ਸਮੇ "Do you wish to apply for Hostel" ਵਾਲੇ ਕਾਲਮ ਵਿੱਚ ਜੇਕਰ ਉਹ ਹੋਸਟਲ ਲੈਣਾ ਚਾਹੁੰਦਾ ਹੈ ਤਾਂ "Yes" ਲਿਖੇ । ਮਾਪੇ ਅਤੇ ਵਿਦਿਆਰਥੀ ਹੋਸਟਲ ਦੇ ਨਿਯਮਾਂ ਸਬੰਧੀ ਲੋੜੀਂਦੀ ਜਾਣਕਾਰੀ ਜ਼ਰੂਰ ਹਾਸਿਲ ਕਰਨ।ਹੋਸਟਲ ਦੇ ਕਿਸੇ ਵੀ ਨਿਯਮ ਦੀ ਉਲੰਘਣਾ ਕਾਰਨ ਦਾਖ਼ਲਾ ਰੱਦ ਹੋ ਸਕਦਾ ਹੈ ।
   - ੳ. ਹੋਸਟਲ ਵਿੱਚ ਸੀਟ ਦੀ ਐਲੋਕੇਸ਼ਨ ਮੈਰਿਟ/ ਕਾਲਜ ਤੋਂ ਰਿਹਾਇਸ਼ ਦੀ ਦੂਰੀ ਦੇ ਅਧਾਰ ਤੇ ਕੀਤੀ ਜਾਵੇਗੀ।
   - ਬ. ਹੋਸਟਲ ਦੀ ਪੂਰੇ ਸਾਲ ਦੀ ਫੀਸ ਦਾਖਲੇ ਸਮੇਂ ਹੀ ਲੈ ਲਈ ਜਾਵੇਗੀ ਅਤੇ ਮੈੱਸ ਫੀਸ ਪੂਰੇ ਸੈਮੈਸਟਰ ਦੀ ਸੈਮੇਸਟਰ ਦੇ ਆਰੰਭ ਵਿੱਚ ਹੀ ਲਈ ਜਾਵੇਗੀ।
   - ਚ. ਦਾਖਲਾ ਹੋਣ ਉਪਰੰਤ ਹੋਸਟਲ ਫਾਰਮ ਵੱਖਰੇ ਤੌਰ ਤੇ ਭਰਿਆ ਜਾਣਾ ਹੈ।
   - ਦ. ਹੋਸਟਲ ਵਿੱਚ ਸੀਟ ਅਲਾਟ ਹੋਣ ਤੇ ਸੈਮੇਸਟਰ ਦੀ ਪੂਰੀ ਮੈੱਸ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।

## ਵਧੇਰੀ ਜਾਣਕਾਰੀ ਲਈ ਸੰਪਰਕ ਕਰੋ

| ਸੰਚਾਰ ਸਾਧਨ | ਸੰਪਰਕ ਨੰਬਰ | ਸਮਾਂ |
|---|---|---|
| ਫੋਨ ਨੰਬਰ | 82641-44502<br>82641-44503 | 9.00 ਸਵੇਰੇ ਤੋਂ 2.00 ਸ਼ਾਮ |
| ਈ-ਮੇਲ | gcwadmission@gmail.com | ਕੰਮਕਾਜ ਵਾਲੇ ਦਿਨਾਂ ਵਿਚ 24 ਘੰਟੇ ਅੰਦਰ ਜੁਆਬ ਦਿੱਤਾ ਜਾਵੇਗਾ । |
| ਵੱਟਸਐਪ | 82641-44503 | ਕੰਮਕਾਜ ਵਾਲੇ ਦਿਨਾਂ ਵਿਚ 24 ਘੰਟੇ ਅੰਦਰ ਜੁਆਬ ਦਿੱਤਾ ਜਾਵੇਗਾ । |

# (ਸ਼ੁਰੂ ਫਾਰਮ ਭਰਨ ਦੀ ਮਿਤੀ ਤੋਂ ਦਾਖਲਾ ਖਤਮ ਹੋਣ ਤੱਕ)